## ਗੁਰੂ ਅੰਗਦ ਦੇਵ ਵੈਟਰਨਰੀ ਅਤੇ ਐਨੀਮਲ ਸਾਇੰਸਜ਼ ਯੂਨੀਵਰਸਿਟੀ, ਲੁਧਿਆਣਾ

### ਇਸ਼ਤਿਹਾਰ ਨੰ. 01/2015

### ਵਾਸਤੇ ਡਾਇਰੈਕਟੋਰੇਟ, ਪਸ਼ੂ ਪਾਲਣ ਵਿਭਾਗ, ਪੰਜਾਬ

ਡਾਇਰੈਕਟੋਰੇਟ, ਪਸ਼ੂ ਪਾਲਣ ਵਿਭਾਗ, ਪੰਜਾਬ ਦੀਆਂ ਵੈਟਰਨਰੀ ਇੰਸਪੈਕਟਰਾਂ ਦੀਆਂ ਖਾਲੀ ਪਈਆਂ 107 ਅਸਾਮੀਆਂ ਪੇ ਸਕੇਲ 10300-34800 + 3600/- ਗਰੇਡ ਪੇ (ਮੁੱਢਲੀ ਤਨਖਾਹ 14430/- ਰੁਪਏ) ਨੂੰ ਭਰਨ ਲਈ ਯੋਗ ਉਮੀਦਵਾਰਾਂ ਕੋਲੋਂ ਅਰਜ਼ੀਆਂ ਦੀ ਮੰਗ ਕੀਤੀ ਜਾਂਦੀ ਹੈ ਅਤੇ ਇਸ ਸੰਬੰਧੀ ਨਿਰਧਾਰਿਤ ਫਾਰਮ ਯੂਨੀਵਰਸਿਟੀ ਦੀ ਵੈੱਬਸਾਈਟ www.gadvasu.in ਤੋਂ ਡਾਊਨਲੋਡ ਕੀਤਾ ਜਾ ਸਕਦਾ ਹੈ। ਸਾਰੇ ਪੱਖਾਂ ਤੋਂ ਸੰਪੂਰਨ ਅਰਜ਼ੀ ਫਾਰਮ ਰਜਿਸਟਰਾਰ, ਗੁਰੂ ਅੰਗਦ ਦੇਵ ਵੈਟਰਨਰੀ ਅਤੇ ਐਨੀਮਲ ਸਾਇੰਸਜ਼ ਯੂਨੀਵਰਸਿਟੀ, ਲੁਧਿਆਣਾ ਦੇ ਦਫਤਰ ਵਿੱਚ ਮਿਤੀ 28-01-2015 ਸ਼ਾਮ 5 .00 ਵਜੇ ਤੱਕ ਪਹੁੰਚ ਜਾਣੇ ਚਾਹੀਦੇ ਹਨ।

(ੳ ਵਿੱਦਿਅਕ ਯੋਗਤਾ :- 10+2 ਫਿਜਿਕਸ ਅਤੇ ਕੈਮਿਸਟਰੀ ਵਿਸ਼ਿਆਂ ਨਾਲ ਸੈਕਿੰਡ ਡਵੀਜ਼ਨ ਵਿੱਚ ਕਿਸੇ ਮਾਨਤਾ ਪ੍ਰਾਪਤ ਸੰਸਥਾ ਤੋਂ ਪਾਸ ਹੋਵੇ ਅਤੇ ਮੈਟ੍ਰਿਕ ਪੱਧਰ ਤੱਕ ਪੰਜਾਬੀ ਪਾਸ ਹੋਣੀ ਚਾਹੀਦੀ ਹੈ।

(ਅ) ਤਕਨੀਕੀ :- ਦੋ ਸਾਲਾ ਵੈਟਰਨਰੀ ਫਾਰਮਾਸਿਸਟ ਟ੍ਰੇਨਿੰਗ ਕੋਰਸ ਕਿਸੇ ਮਾਨਤਾ ਪ੍ਰਾਪਤ ਸੰਸਥਾ ਜਾਂ ਪਸ਼ੂ ਪਾਲਣ, ਮੱਛੀ ਪਾਲਣ ਵਿਭਾਗ (ਪਸ਼ੂ ਪਾਲਣ ਵਿੰਗ), ਪੰਜਾਬ ਤੋਂ ਪਾਸ ਹੋਵੇ।

ਨੋਟ:- ਜੋ ਉਮੀਦਵਾਰ ਨਿਯਮਾਂ ਵਿੱਚ ਸੋਧ ਦੀ ਮਿਤੀ 9-9-2003 ਤੋਂ ਪਹਿਲਾਂ ਚੋਣ ਹੋਣ ਉਪਰੰਤ 2 ਸਾਲਾ ਵੈਟਰਨਰੀ ਫਾਰਮਾਸਿਸਟ ਦਾ ਕੋਰਸ ਕਰ ਰਹੇ/ਕਰ ਚੁੱਕੇ ਸਨ, ਦੀ ਵਿੱਦਿਅਕ ਯੋਗਤਾ 10ਵੀਂ ਫਿਜਿਕਸ ਅਤੇ ਕੈਮਿਸਟਰੀ ਵਿਸ਼ਿਆਂ ਨਾਲ ਸੈਕਿੰਡ ਡਵੀਜ਼ਨ ਹੈ, ਵੀ ਵੈਟਰਨਰੀ ਇੰਸਪੈਕਟਰ ਦੀ ਅਸਾਮੀ ਲਈ ਯੋਗ ਹਨ।

107 ਵੈਟਰਨਰੀ ਇੰਸਪੈਕਟਰਾਂ ਦੀਆਂ ਆਸਾਮੀਆਂ ਦਾ ਰਾਖਵਾਂਕਰਨ ਹੇਠ ਲਿਖੇ ਅਨੁਸਾਰ ਹੈ:-

| ਅਸਾਮੀ ਦਾ ਨਾਂ | ਗਿਣਤੀ | ਜਨਰਲ | ਅਨੁਸੂਚਿਤ ਜਾਤੀ | ਸਾਬਕਾ ਫੌਜੀ (ਅ.ਜਾਤੀ) | ਖਿਡਾਰੀ (ਅ.ਜਾਤੀ) | ਪੱਛੜੀ ਸ਼੍ਰੇਣੀ | ਸਾਬਕਾ ਫੌਜੀ (ਪੱਛੜੀ ਸ਼੍ਰੇਣੀ) | ਸਾਬਕਾ ਫੌਜੀ (ਜਨਰਲ) | ਅੰਗਹੀਣ | ਖਿਡਾਰੀ (ਜਨਰਲ) | ਸੁਤੰਤਰਤਾ ਸੰਗਰਾਮੀ | ਕੁੱਲ |
|---|---|---|---|---|---|---|---|---|---|---|---|---|
| ਵੈਟਰਨਰੀ ਇੰਸਪੈਕਟਰ | 107 | 35 | 35 | 06 | 02 | 05 | 03 | 11 | 05 | 03 | 02 | 107 |

ਨੋਟ:- ਅਨੁਸੂਚਿਤ ਜਾਤੀ ਦੀਆਂ 50% ਅਸਾਮੀਆਂ ਬਾਲਮੀਕੀ/ਮਜ਼ਬੀ ਸਿੱਖ ਉਮੀਦਵਾਰਾਂ ਵਿੱਚੋਂ ਭਰੀਆਂ ਜਾਣਗੀਆਂ, ਕਿਸੇ ਕਾਰਨ ਉੱਪਰ ਦਰਸਾਈਆਂ ਅਨੁਸੂਚਿਤ ਜਾਤੀਆਂ ਦੀ ਕੈਟਾਗਰੀ ਵਿੱਚੋਂ ਕਿਸੇ ਕੈਟਾਗਰੀ ਦੇ ਉਮੀਦਵਾਰ ਉਪਲੱਬਧ ਨਾ ਹੋਣ ਦੀ ਸੂਰਤ ਵਿੱਚ ਨਿਯਮਾਂ ਅਨੁਸਾਰ ਕਾਰਵਾਈ ਹੋਵੇਗੀ।

ਉਮੀਦਵਾਰ ਦੀ ਉਮਰ ਮਿਤੀ 01-01-2015 ਨੂੰ (ਕੈਟਾਗਰੀ ਅਨੁਸਾਰ)

| | | |
|---|---|---|
| ੳ) | ਜਨਰਲ | 18 ਤੋਂ 37 ਸਾਲ |
| ਅ) | ਐਸ.ਸੀ./ਐਸ.ਟੀ./ਬੀ.ਸੀ. | 18 ਤੋਂ 42 ਸਾਲ |
| ੲ) | ਅੰਗਹੀਣ | 18 ਤੋਂ 47 ਸਾਲ |
| ਸ) | ਪਹਿਲਾਂ ਤੋਂ ਪੰਜਾਬ ਸਰਕਾਰ, ਅਦਰ ਸਟੇਟ ਅਤੇ ਭਾਰਤ ਸਰਕਾਰ ਦੇ ਅਧੀਨ ਰੈਗੂਲਰ ਤੌਰ ਤੇ ਨੌਕਰੀ ਕਰ ਰਹੇ ਕਰਮਚਾਰੀ | 45 ਸਾਲ ਤੱਕ |

ਫਾਰਮ ਦੀ ਕੀਮਤ ਪ੍ਰੀਖਿਆ ਫੀਸ ਸਮੇਤ (ਨਾ ਮੋੜਨਯੋਗ)

| | | |
|---|---|---|
| ਜਨਰਲ | 500/- ਰੁਪਏ | ਬੈਂਕ ਡਰਾਫਟ, ਕੰਪਟਰੋਲਰ, ਗਡਵਾਸੂ, ਲੁਧਿਆਣਾ ਦੇ ਪੱਖ ਵਿੱਚ ਹੋਵੇ। |
| ਐਸ.ਸੀ./ਐਸ.ਟੀ. | 250/- ਰੁਪਏ | |

ਮਹੱਤਵਪੂਰਨ ਹਦਾਇਤਾਂ ਯੂਨੀਵਰਸਿਟੀ ਦੀ ਵੈੱਬਸਾਈਟ www.gadvasu.in ਤੇ ਮੌਜੂਦ ਹਨ।

ਸਹੀ/-
ਰਜਿਸਟਰਾਰ
ਗਡਵਾਸੂ

**ਵੈਟਰਨਰੀ ਇੰਸਪੈਕਟਰ ਦੀ ਅਸਾਮੀ ਲਈ ਮਹੱਤਵਪੂਰਨ ਹਦਾਇਤਾਂ:-**

1. ਨਿਰਧਾਰਿਤ ਫੀਸ ਬੈਂਕ ਡਰਾਫ਼ਟ ਦੇ ਰੂਪ ਵਿੱਚ ਕੰਪਟਰੋਲਰ, ਗੁਰੂ ਅੰਗਦ ਦੇਵ ਵੈਟਰਨਰੀ ਅਤੇ ਐਨੀਮਲ ਸਾਇੰਸਜ਼ ਯੂਨੀਵਰਸਿਟੀ, ਲੁਧਿਆਣਾ (Comptroller, GADVASU, Ludhiana) ਦੇ ਪੱਖ ਵਿੱਚ ਭੇਜੀ ਜਾਵੇ।
2. ਉਮੀਦਵਾਰ ਦੀ ਉਮਰ ਮਿਤੀ 01-01-2015 ਨੂੰ 18 ਤੋਂ 37 ਸਾਲ ਤੱਕ ਹੋਵੇ। ਅਨੁਸੂਚਿਤ ਜਾਤੀ/ਕਬੀਲੇ ਅਤੇ ਪੱਛੜੀ ਸ਼੍ਰੇਣੀ ਦੇ ਮਾਮਲੇ ਵਿੱਚ 5 ਸਾਲ ਦੀ ਛੋਟ ਲਾਗੂ ਹੋਵੇਗੀ, ਅੰਗਹੀਣਾਂ ਲਈ ਉਮਰ ਦੀ ਛੋਟ 10 ਸਾਲ ਦੀ ਹੋਵੇਗੀ।
3. ਉਮੀਦਵਾਰ ਦਸਵੀਂ ਪੱਧਰ ਤੱਕ ਪੰਜਾਬੀ ਪਾਸ ਹੋਣਾ ਚਾਹੀਦਾ ਹੈ।
4. ਜਿਨ੍ਹਾਂ ਉਮੀਦਵਾਰਾਂ ਨੇ 10+ 2 ਦੀ ਪ੍ਰੀਖਿਆ ਪਾਸ ਕਰਨ ਤੋਂ ਬਾਅਦ ਦੋ ਸਾਲ ਦਾ ਵੈਟਰਨਰੀ ਫਾਰਮੇਸੀ ਡਿਪਲੋਮਾ ਕੋਰਸ/ਵੈਟਰਨਰੀ ਸਾਇੰਸ ਅਤੇ ਐਨੀਮਲ ਹੈਲਥ ਟੈਕਨੋਲੋਜੀ ਡਿਪਲੋਮਾ ਪਾਸ ਕੀਤਾ ਹੈ ਉਹ ਹੀ ਉਮੀਦਵਾਰ ਇਨ੍ਹਾਂ ਅਸਾਮੀਆਂ ਲਈ ਯੋਗ ਹੋਣਗੇ।
5. ਰਾਖਵਾਂਕਰਨ ਦੀ ਨੀਤੀ ਪੰਜਾਬ ਸਰਕਾਰ ਦੀਆਂ ਪ੍ਰਚੱਲਤ ਹਦਾਇਤਾਂ ਅਨੁਸਾਰ ਲਾਗੂ ਹੋਵੇਗੀ।
6. ਅਨੁਸੂਚਿਤ ਜਾਤੀ/ਕਬੀਲੇ/ਪੱਛੜੀ ਸ਼੍ਰੇਣੀ ਦਾ ਸਰਟੀਫਿਕੇਟ ਭਲਾਈ ਵਿਭਾਗ ਦੀਆਂ ਪ੍ਰਚੱਲਤ ਹਦਾਇਤਾਂ ਅਨੁਸਾਰ ਅਤੇ ਸਾਬਕਾ ਫੌਜੀਆਂ ਦਾ ਸਰਟੀਫਿਕੇਟ ਉਨ੍ਹਾਂ ਦੇ ਸਬੰਧਤ ਵਿਭਾਗ ਦੀਆਂ ਪ੍ਰਚੱਲਤ ਹਦਾਇਤਾਂ ਅਨੁਸਾਰ ਹੋਵੇਗਾ।
7. ਉਕਤ ਦਰਸਾਈ ਵਿੱਦਿਅਕ/ ਤਕਨੀਕੀ ਯੋਗਤਾ ਰੱਖਣ ਵਾਲੇ ਯੋਗ ਉਮੀਦਵਾਰਾਂ ਨੂੰ ਹੀ ਲਿਖਤੀ ਪ੍ਰੀਖਿਆ ਲਈ ਬੁਲਾਇਆ ਜਾਵੇਗਾ।
8. ਉਮੀਦਵਾਰ ਆਪਣੀ ਅਰਜ਼ੀ ਨਾਲ ਸਾਰੇ ਵਿੱਦਿਅਕ/ ਤਕਨੀਕੀ ਯੋਗਤਾ ਅਤੇ ਸ਼੍ਰੇਣੀ ਆਦਿ ਨਾਲ ਸਬੰਧਿਤ ਸਰਟੀਫਿਕੇਟ ਦੀਆਂ ਤਸਦੀਕ ਸ਼ੁਦਾ ਕਾਪੀਆਂ ਭੇਜਣਗੇ।
9. ਸੁਤੰਤਰਤਾ ਸੰਗਰਾਮੀ ਸ਼੍ਰੇਣੀ ਨਾਲ ਸਬੰਧਤ ਉਮੀਦਵਾਰ ਆਪਣੇ ਜ਼ਿਲ੍ਹੇ ਦੇ ਡਿਪਟੀ ਕਮਿਸ਼ਨਰ ਵੱਲੋਂ ਅਤੇ ਖਿਡਾਰੀ ਕੈਟਾਗਰੀ ਨਾਲ ਸਬੰਧਤ ਉਮੀਦਵਾਰ ਆਪਣਾ ਗਰੇਡੇਸ਼ਨ ਸਬੰਧੀ ਸਰਟੀਫਿਕੇਟ ਡਾਇਰੈਕਟਰ, ਸਪੋਰਟਸ ਵਿਭਾਗ, ਪੰਜਾਬ ਵੱਲੋਂ ਜਾਰੀ ਕੀਤਾ ਸਰਟੀਫਿਕੇਟ ਸਬੂਤ ਵਜੋਂ ਨੱਥੀ ਕਰਨਗੇ।
10. ਉਮੀਦਵਾਰ ਆਪਣੀ ਅਰਜ਼ੀ ਨਾਲ ਦੋ ਰਜਿਸਟਰਡ ਲਿਫਾਫੇ 25-25 ਰੁਪਏ ਦੀਆਂ ਡਾਕ ਟਿਕਟਾਂ ਲਗਾ ਕੇ ਆਪਣੇ ਪੱਤਰ ਵਿਹਾਰ ਦੇ ਪਤੇ ਸਮੇਤ ਨਾਲ ਨੱਥੀ ਕਰਨਗੇ।
11. ਅਸਾਮੀਆਂ ਲਈ ਕੁੱਲ 100 ਅੰਕਾਂ ਦੀ ਲਿਖਤੀ ਪ੍ਰੀਖਿਆ 2 ਘੰਟੇ ਦੀ ਹੋਵੇਗੀ। ਇਸ ਪ੍ਰੀਖਿਆ ਨੂੰ ਪਾਸ ਕਰਨ ਲਈ 40% ਅੰਕ ਪ੍ਰਾਪਤ ਕਰਨੇ ਹੋਣਗੇ। ਹਰ ਇੱਕ ਗਲਤ ਉੱਤਰ ਦੇ ਲਈ 0.25 ਅੰਕ ਕੱਟੇ ਜਾਣਗੇ। ਉਮੀਦਵਾਰਾਂ ਦੀ ਚੋਣ, ਲਿਖਤੀ ਪ੍ਰੀਖਿਆ ਦੀ ਮੈਰਿਟ ਦੇ ਅਧਾਰ ਤੇ ਬਣਾਈ ਜਾਵੇਗੀ। ਉਮੀਦਵਾਰਾਂ ਦੀ ਨਿਯੁਕਤੀ ਸੰਬੰਧੀ ਕੋਈ ਇੰਟਰਵਿਊ ਨਹੀਂ ਹੋਵੇਗੀ।
12. ਪਹਿਲਾਂ ਤੋਂ ਸੇਵਾ ਕਰ ਰਹੇ ਉਮੀਦਵਾਰ ਯੋਗ ਪ੍ਰਣਾਲੀ ਰਾਹੀਂ ਅਪਲਾਈ ਕਰਨ।
13. ਅਧੂਰੀਆਂ ਅਰਜ਼ੀਆਂ/ਨਿਰਧਾਰਿਤ ਪ੍ਰੋਫਾਰਮੇ ਤੋਂ ਬਿਨਾਂ/ਨਿਰਧਾਰਿਤ ਮਿਤੀ ਤੋਂ ਬਾਅਦ/ਨਿਰਧਾਰਿਤ ਫੀਸ ਤੋਂ ਬਿਨਾਂ ਅਰਜ਼ੀਆਂ ਵਿਚਾਰੀਆਂ ਨਹੀਂ ਜਾਣਗੀਆਂ।
14. ਯੂਨੀਵਰਸਿਟੀ ਕਿਸੇ ਵੀ ਤਰ੍ਹਾਂ ਦੀ ਡਾਕ ਵਿੱਚ ਹੋਣ ਵਾਲੀ ਦੇਰੀ (ਅਰਜ਼ੀਆਂ ਪ੍ਰਾਪਤ ਕਰਨ ਵਿੱਚ ਅਤੇ ਰੋਲ ਨੰਬਰ ਪਹੁੰਚਣ ਵਿੱਚ) ਲਈ ਜ਼ਿੰਮੇਵਾਰ ਨਹੀਂ ਹੋਵੇਗੀ।
15. ਵੈਟਰਨਰੀ ਇੰਸਪੈਕਟਰ ਦੀਆਂ ਅਸਾਮੀਆਂ ਲਈ ਲਿਖ਼ਤੀ ਪ੍ਰੀਖਿਆ ਦਾ ਸਿਲੇਬਸ ਯੂਨੀਵਰਸਿਟੀ ਦੀ ਵੈੱਬਸਾਈਟ www.gadvasu.in ਤੇ ਉਪਲੱਬਧ ਹੋਵੇਗਾ।
16. ਪੇਪਰ ਦਾ ਮਾਧਿਅਮ ਅੰਗਰੇਜ਼ੀ ਹੋਵੇਗਾ ਜਿਸ ਵਿੱਚ ਬਹੁ-ਵਿਕਲਪੀ ਪ੍ਰਸ਼ਨ (MCQ) ਹੋਣਗੇ ਅਤੇ ਇਹ ਪੇਪਰ OMR ਸ਼ੀਟ ਤੇ ਹੋਵੇਗਾ।
17. ਸੰਬੰਧਿਤ ਉਮੀਦਵਾਰਾਂ ਦੀ ਫੀਸ ਕਿਸੇ ਵੀ ਹਾਲਤ ਵਿੱਚ ਵਾਪਿਸ ਨਹੀਂ ਕੀਤੀ ਜਾਵੇਗੀ।
18. ਕਿਸੇ ਵੀ ਉਮੀਦਵਾਰ ਨੂੰ ਲਿਖਤੀ ਪ੍ਰੀਖਿਆ ਲਈ ਆਉਣ/ਜਾਣ ਦਾ ਟੀ.ਏ./ਡੀ.ਏ. ਨਹੀਂ ਦਿੱਤਾ ਜਾਵੇਗਾ।

ਸਹੀ/-
ਰਜਿਸਟਰਾਰ
ਗਡਵਾਸੂ